# ਚੋਣਕਾਰ ਰਜਿਸਟ੍ਰੇਸ਼ਨ ਅਫਸਰ -ਕਮ- ਉਪ ਮੰਡਲ ਮੈਜਿਸਟਰੇਟ, 095 ਮੌੜ

ਵੱਲ,

1. ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ/ ਐਲੀਮੈਂਟਰੀ), ਬਠਿੰਡਾ।
2. ਬਲਾਕ ਵਿਕਾਸ ਤੇ ਪੰਚਾਇਤ ਅਫਸਰ, ਮੌੜ/ਰਾਮਪੁਰਾ।
3. ਉਪ ਮੰਡਲ ਅਫਸਰ, ਜਲ ਸਪਲਾਈ ਅਤੇ ਸੈਨੀਟੇਸ਼ਨ, ਰਾਮਪੁਰਾ/ਮੌੜ।
4. ਸੀਨੀਅਰ ਮੈਡੀਕਲ ਅਫਸਰ ਭਗਤਾ ਭਾਈ ਕਾ/ਬਾਲਿਆਂਵਾਲੀ/ਤਲਵੰਡੀ ਸਾਬੋ/ਰਾਮਪੁਰਾ।
5. ਕਾਰਜ ਸਾਧਕ ਅਫਸਰ, ਨਗਰ ਕੌਂਸਲ, ਮੌੜ।
6. ਖੇਤੀਬਾੜੀ ਅਫਸਰ, ਮੌੜ/ਬਠਿੰਡਾ।
7. ਕਾਰਜਕਾਰੀ ਇੰਜੀਨਿਆਰ, ਪੀ.ਐਸ.ਪੀ.ਸੀ.ਐਲ. ਮੌੜ।
8. ਉਪ ਮੰਡਲ ਅਫਸਰ (ਨਹਿਰੀ) ਤਲਵੰਡੀ ਸਾਬੋ।
9. ਕਾਰਜਕਾਰੀ ਇੰਜੀਨਿਅਰ, ਨਹਿਰੀ ਵਿਭਾਗ ਜਵਾਹਰਕੇ, ਮਾਨਸਾ/ਬਠਿੰਡਾ।

ਪੱਤਰ ਨੰ.2186-95 ਚੋਣਾਂ    ਮਿਤੀ..19/08/2024

ਵਿਸ਼ਾ:- Special Summary Revision of Photo Electoral Rolls w.r.t.01.01.2025 as the qualifying date programme-reg.

ਹਵਾਲਾ:- ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਦੇ ਦਫਤਰ ਦਾ ਪੱਤਰ ਨੰ.2024/ 5752-57 ਮਿਤੀ 09.08.2024 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਰਾਹੀਂ ਪ੍ਰਾਪਤ ਹਦਾਇਤਾਂ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਯੋਗਤਾ ਮਿਤੀ 01.01.2025 ਦੇ ਆਧਾਰ ਤੇ Pre-Reversion Acitivities Schedule ਪ੍ਰਾਪਤ ਹੋਇਆ ਹੈ।ਜਿਸ ਅਨੁਸਾਰ ਮਿਤੀ 20.08.2024 ਤੋਂ 20.09.2024 ਤੱਕ ਬੀ.ਐੱਲ.ਓਜ ਦੁਆਰਾ ਡੋਰ ਟੂ ਡੋਰ ਸਰਵੇ ਕੀਤਾ ਜਾਣਾ ਹੈ ਅਤੇ ਫਾਰਮ ਨੰ. 6,6ਏ, 7, 8 ਅਤੇ 6ਬੀ ਭਰੇ ਜਾਣੇ ਹਨ। ਇਸ ਕੰਮ ਨੂੰ ਮਿੱਥੇ ਸਮੇਂ ਵਿੱਚ ਹਰ ਹਾਲ ਵਿੱਚ ਪੂਰਾ ਕੀਤਾ ਜਾਣ ਲਈ ਹਦਾਇਤਾਂ ਜਾਰੀ ਹੋਈਆਂ ਹਨ। ਇਸ ਤੋਂ ਇਲਾਵਾ ਆਪ ਨੂੰ ਲਿਖਿਆ ਜਾਂਦਾ ਹੈ ਕਿ ਬੀ.ਐੱਲ.ਓਜ ਵੱਲੋਂ ਡੋਰ ਟੂ ਡੋਰ ਜਾ ਕੇ ਸਰਵੇ ਦੇ ਕੰਮ ਨੂੰ ਮੁੱਖ ਰੱਖਦਿਆਂ ਇਸ ਅਵਧੀ ਦੌਰਾਨ ਸਮੂਹ ਟੀਚਿੰਗ / ਨਾਨ-ਟੀਚਿੰਗ ਸਟਾਫ, ਜਿਨ੍ਹਾਂ ਦੀ ਬਤੌਰ ਬੀ.ਐੱਲ.ਓ ਇਸ ਵਿਧਾਨ ਸਭਾ ਹਲਕੇ 095 ਮੌੜ ਵਿਖੇ ਡਿਊਟੀ ਲੱਗੀ ਹੋਈ ਹੈ, ਨੂੰ ਉਕਤ ਸ਼ਡਿਊਲ ਅਨੁਸਾਰ ਦਿਨ ਸ਼ੁੱਕਰਵਾਰ ਅਤੇ ਸਨੀਵਾਰ ਨੂੰ (20.08.2024 ਤੋਂ 20.09.2024) ਨੂੰ ਚੋਣ ਡਿਊਟੀ ਲਈ ਦਫਤਰੀ ਡਿਊਟੀ ਤੋਂ ਫਾਰਗ ਕੀਤਾ ਜਾਵੇ। ਇਨ੍ਹਾਂ ਹਦਾਇਤਾਂ ਨੂੰ ਆਪਣੇ ਵਿਭਾਗ/ਸਕੂਲ ਦੇ ਮੁੱਖੀਆਂ ਨੂੰ ਤੁਰੰਤ ਭੇਜੀਆਂ ਜਾਣ ਤਾਂ ਜੋ ਡੋਰ ਟੂ ਡੋਰ ਸਰਵੇ ਦੇ ਕੰਮ ਨੂੰ ਨਿਰਵਿਘਨ ਮੁਕੰਮਲ ਕੀਤਾ ਜਾ ਸਕੇ।

ਸੋ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪਦੇ ਅਧੀਨ ਕੰਮ ਕਰ ਰਹੇ ਸਮੂਹ ਕਰਮਚਾਰੀ, ਜਿਨ੍ਹਾਂ ਦੀ 095 ਮੌੜ ਸਭਾ ਹਲਕੇ ਵਿਖੇ ਬਤੌਰ ਬੀ.ਐੱਲ.ਓ ਡਿਊਟੀ ਲੱਗੀ ਹੋਈ ਹੈ, ਨੂੰ ਹਦਾਇਤ ਕੀਤੀ ਜਾਵੇ ਕਿ ਉਹ ਮਿਤੀ 20.09.2024 ਤੱਕ ਹਰ ਹਾਲਤ ਵਿੱਚ ਮੁਕੰਮਲ ਕਰਨਗੇ ਅਤੇ ਸਬੰਧਤ ਸੁਪਰਵਾਈਜਰ ਨੂੰ ਰਿਪੋਰਟ ਭੇਜਣਾ ਯਕੀਨੀ ਬਣਾਉਣਗੇ। ਜੇਕਰ ਕਿਸੇ ਸਕੂਲ ਵਿੱਚ ਇੱਕ ਜਾਂ ਇੱਕ ਤੋਂ ਵੱਧ ਅਧਿਆਪਕਾਂ ਦੀ ਡਿਊਟੀ ਬਤੌਰ ਬੀ.ਐੱਲ.ਓ ਲੱਗੀ ਹੈ ਅਤੇ ਉਹ ਆਪਣਾ ਰੋਸਟਰ ਬਣਾ ਲੈਣ ਤਾਂ ਜੋ ਸਕੂਲ ਨੂੰ ਖਾਲੀ ਨਾ ਛੱਡਿਆ ਅਤੇ ਜੇਕਰ ਕਿਸੇ ਸਕੂਲ ਵਿੱਚ ਇੱਕ ਹੀ ਅਧਿਆਪਕ ਹੈ ਤੇ ਉਹ ਬੀ.ਐੱਲ.ਓ ਲੱਗਿਆ ਹਿਆ ਹੈ ਤਾਂ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ, ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਬਠਿੰਡਾ ਸੰਬੰਧਿਤ ਬੀ.ਪੀ.ਈ.ਓਜ਼ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਉਸ ਸਕੂਲ ਵਿੱਚ ਅਧਿਆਪਕ ਦਾ ਪ੍ਰਬੰਧ ਕਰਨ ਦੇ ਜਿੰਮੇਵਾਰ ਹੋਣਗੇ ਤਾਂ ਜੋ ਕੰਮ ਨੂੰ ਨਿਰਵਿਘਨਤਾ ਨਾਲ ਕੀਤਾ ਜਾ ਸਕੇ।

ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ-ਕਮ-
ਵਿਧਾਨ ਸਭਾ ਹਲਕਾ 095 ਮੌੜ।
ਮਿਤੀ..19/08/2024

ਪਿੱਠ ਅੰਕਣ ਨੰ.2196-97./

ਇਸ ਦਾ ਇਕ ਉਤਾਰਾਂ.-

1. ਜਿਲ੍ਹਾ ਚੋਣ ਅਫਸਰ ਬਠਿੰਡਾ ਜੀ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।
2. ਸਮੂਹ ਸੁਪਰਵਾਈਜਰ ਵਿਧਾਨ ਸਭਾ ਹਲਕਾ 095 ਮੌੜ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਅਧੀਨ ਕੰਮ ਕਰਦੇ ਬੀ.ਐੱਲ.ਓਜ ਨੂੰ ਡਿਊਟੀ ਸਬੰਧੀ ਸੂਚਿਤ ਕਰ ਦਿੱਤਾ ਜਾਵੇ, ਅਤੇ ਪੱਤਰ ਵਿੱਚ ਦਰਜ ਅਨੁਸਾਰ ਰਿਪੋਰਟ ਹਫਤੇ ਦੇ ਹਰ ਸੋਮਵਾਰ ਇਸ ਦਫਤਰ ਨੂੰ ਭੇਜਣਾ ਯਕੀਨੀ ਬਣਾਈ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ-ਕਮ-
ਵਿਧਾਨ ਸਭਾ ਹਲਕਾ 095 ਮੌੜ।

Scanned with CamScanner

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

ਪਿਠ ਅੰਕਣ ਨੰ :ਜੀ-4/1 ( )2024/ 6079 ਮਿਤੀ: 22/08/2024

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆ ਨੂੰ, ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀਆਂ ਹਦਾਇਤਾਂ ਅਨੁਸਾਰ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।